ਨਾਨਕ ਨਾਮ ਚੜਦੀ ਕਲਾ । ਤੇਰੇ ਭਾਣੇ ਸਰਬੱਤ ਦਾ ਭਲਾ ॥

FOUNDER/PATRON MAHRAZ DARSHAN DAS

# SACHKHAND NANAK DHAM INTERNATIONAL

REGISTERED SOCIETY No. 109 (INDIA) REGISTERED CHARITY No. 515484 (U.K.)

# ਦਰਸ਼ਨ ਸੁਨੇਹੇ

11 CHURCH HILL ROAD, HANDSWORTH, BIRMINGHAM B20 3TP

Tel: 021-554 2422

# ਦਰਸ਼ਨ ਸੁਨੇਹੇ

ਅਸੀਂ ਉਸ ਪ੍ਰਮਾਤਮਾ ਦੀ ਅੰਸ਼ ਹਾਂ ਜਿਸਨੇ ਸਾਨੂੰ ਪਾਪ ਪੁੰਨ ਦੇ ਦੋ ਬੂਟੇ ਦਿਤੇ ਹਨ, ਜਿਸਦਾ ਫਲ ਪ੍ਰੇਮ ਹੈ। ਸਾਡਾ ਰਬ ਬਹੁਤ ਦਇਆਲੂ ਅਤੇ ਦਇਆਵੰਦ ਹੈ। ਉਸਦੀ ਮਿਹਰ ਅਤੇ ਮਿਹਰਬਾਨੀਆਂ ਦਾ ਸੋਮਾ ਜੁਗਾਂ ਜੁਗੰਤਰਾਂ ਤੋਂ ਵਗਦਾ ਚਲਿਆ ਆਉਂਦਾ ਹੈ, ਜਿਸਦੀ ਸ਼ਾਂ ਸ਼ਾਂ ਦੀ ਆਵਾਜ਼ ਸਾਂਝ ਪੈਦਾ ਕਰਦੀ ਹੈ। ਸਾਨੂੰ ਉਸ ਤੋਂ ਸਦਕੇ ਜਾਣਾ ਚਾਹੀਦਾ ਹੈ। ਸਾਨੂੰ ਉਸ ਨੇ ਉਤਮ ਰੁਜ਼ਗਾਰ ਅਤੇ ਪਰਿਵਾਰ ਦਿਤੇ ਹਨ, ਜਿਸ ਦੀ ਸੰਭਾਲ ਰਬ ਆਪ ਕਰਦੈ ਅਤੇ ਸੋਭਾ ਸਾਨੂੰ ਦੁਆਉਂਦਾ ਹੈ। ਸਾਨੂੰ ਉਸਦੀ ਕ੍ਰਿਪਾ ਤੇ ਭਰੋਸਾ ਹੋਣਾ ਚਾਹੀਦਾ ਹੈ। ਸਾਨੂੰ ਉਸਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ। ਅਸੀਂ ਭਲਾ ਕਰੀਏ ਜਾਂ ਭੁਲਾਂ, ਸਾਨੂੰ ਉਸਦੀ ਖੁਸ਼ੀ 'ਚ ਖੁਸ਼ ਰਹਿਣਾ

ਚਾਹੀਦਾ ਹੈ । ਸਾਨੂੰ ਰਬ ਤੇ ਆਸ ਰਖਣੀ ਚਾਹੀਦੀ ਹੈ, ਨਾ ਕਿ ਬੇ-ਆਸ ਹੋਣਾ ਚਾਹੀਦਾ ਹੈ।

ਮਹਾਰਾਜ ਦਰਸ਼ਨ ਦਾਸ

# "ਚਿੰਤਾ"

ਰਾਜੇ ਰਾਜ ਕਮਾਂਵਦੇ
ਜ਼ੁਲਮ ਕਰਨ ਦਿਨ ਰਾਤ ॥
ਕੁਤਿਆਂ ਵਾਂਗੂੰ ਭੌਂਕਦੇ
ਜਿਵੇਂ ਮੁਰਦਾ ਖਾਵਣ ਕਾਗ ॥
ਮਾਇਆ ਜੱਫੀਆਂ ਪਾਂਵਦੇ
ਬਣ ਬੈਠੇ ਕਾਲੇ ਨਾਗ ॥
ਦਰਗ਼ਾਹੇ ਢੋਈ ਨਾ ਮਿਲਸੀ
ਜਗਤ ਨਾ ਲਾਗੇ ਲਾਜ ॥
ਮੰਦਰ ਖਾਧੇ ਬਾਹਮਣਾਂ
ਭਾਈਆਂ ਗੁਰੂ ਦੁਆਰ ॥
ਦਰਸ਼ਨ ਲੇਖਾ ਮੰਗੇਸੀ
ਸਾਹਿਬ ਦੇ ਦਰਬਾਰ ॥

ਤੇਰੇ ਤੋਲ ਤਰਾਜੀ ਤੋਂ ਲੈ ਕੇ,
ਸ਼ਪਥ ਤਲਵਾਰ ਦੀ ਨੋਕ ਤਕ ॥
ਤੇਜ਼ ਧਾਰਾਂ ਆਰਿਆਂ ਦੀਆਂ,
ਰੇਤਾਂ ਤੱਤੀਆਂ ਪਵਾਈਆਂ ਤੇਰੀ ਖਾਤਿਰ ॥
ਤੇਰੀ ਸੋਚ ਦੇ ਸਦਕੇ, ਉਹਨਾਂ ਚੁੰਮੀਆਂ ਸੂਲੀਆਂ,
ਜਿਹਨਾਂ ਕਿੱਲ ਕੰਨਾਂ 'ਚ ਠੁਕਵਾਏ, ਤੇਰੀ
ਖਾਤਿਰ ॥
ਤੇਰੇ ਆਸ਼ਕਾਂ ਦੇ, ਇਸ਼ਕ ਅਵੱਲੇ ਨੇਂ,
ਜ਼ਹਿਰ ਪਿਆਲੇ ਪੀਤੇ, ਤੇਰੇ ਇਸ਼ਕ
ਦੀ ਖਾਤਿਰ ॥
ਜਿਸ ਸਾਂਝ ਨੂੰ ਤੂੰ ਕਦੇ, ਜਗਾਇਆ ਸੀ,
ਦਰਸ਼ਨ ਉਹ ਉਦੋਂ ਦੀ, ਬੁੱਝੀ ਏ ਹੁਣ ਤੀਕਰ॥

ਮਹਾਰਾਜ ਦਰਸ਼ਨ ਦਾਸ